ਅਕਤੂਬਰ 2024, ਅੰਕ 12

# ALTA CONNECTIONS

ਗਾਹਕਾਂ, ਸੇਵਾ ਪ੍ਰਦਾਤਾਵਾਂ, ਅਤੇ ਸਟਾਫ਼ ਅੱਪਡੇਟਾਂ ਲਈ ਤਿਮਾਹੀ ਨਿਊਜ਼ਲੈਟਰ



ACRC ਦਾ ਨਵਾਂ ਸੈਕਰਾਮੈਂਟੋ ਦਫ਼ਤਰ

## ਕਾਰਜਕਾਰੀ ਨਿਰਦੇਸ਼ਕ ਦਾ ਸੁਨੇਹਾ

*ਕਾਰਜਕਾਰੀ ਨਿਰਦੇਸ਼ਕ ਲੌਰੀ ਬੈਨੇਲਸ (Lori Banales)*

ਕੀ ਤੁਸੀਂ ਇਹ ਖਬਰ ਸੁਣੀ ਹੈ? ਆਲਟਾ ਕੈਲੀਫ਼ੋਰਨੀਆ ਰੀਜਨਲ ਸੈਂਟਰ (Alta California Regional Center, ACRC) ਦਾ ਸੈਕਰਾਮੈਂਟੋ ਦਫ਼ਤਰ ਮਾਰਚ 2025 ਵਿੱਚ ਇੱਥੋਂ ਬਦਲ ਕੇ ਨੈਟੋਮਸ ਵਿਖੇ ਤਬਦੀਲ ਹੋ ਰਿਹਾ ਹੈ। ਅਸੀਂ 4151 Commerce Way, Sacramento, CA 95834 ਵਿਖੇ ਸਥਿਤ ਸੈਂਟੀਨ ਕੈਂਪਸ ਦੇ ਇੱਕ ਹਿੱਸੇ ਵਿੱਚ ਰਹਾਂਗੇ। ਦਸ ਉੱਤਰੀ ਕੈਲੀਫ਼ੋਰਨੀਆ ਕਾਉਂਟੀਆਂ ਵਿੱਚ 31,000 ਵਿਅਕਤੀਆਂ ਦੀ ਸੇਵਾ ਕਰਦੇ ਹੋਏ, ਜਿਉਂ-ਜਿਉਂ ਸਾਡਾ ਸੰਗਠਨ ਵੱਧ ਰਿਹਾ ਹੈ, ਉਸੇ ਤਰ੍ਹਾਂ, ਸਾਡੇ ਸਟਾਫ਼ ਅਤੇ ਭਾਈਚਾਰਕ ਇਵੈਂਟਾਂ ਲਈ ਜਗ੍ਹਾ ਬਣਾਉਣ ਵਾਸਤੇ ਸਾਡੇ ਹੈੱਡਕੁਆਰਟਰਾਂ ਨੂੰ ਦੂਜੀ ਥਾਂ ਬਦਲਣ ਦੀ ਲੋੜ ਵੀ ਵਧੀ ਹੈ। ਹਾਰਵਰਡ ਪਾਰਕ ਵਿੱਚ 14 ਸਾਲ ਬਿਤਾਉਣ ਤੋਂ ਬਾਅਦ, ਅਸੀਂ ਸੈਂਟੀਨ ਕੈਂਪਸ ਵਿੱਚ 550 ਤੋਂ ਵੱਧ ਟੀਮ ਮੈਂਬਰਾਂ ਦਾ ਸੁਆਗਤ ਕਰਨ ਲਈ ਉਤਸੁਕ ਹਾਂ। ACRC ਕੈਪੀਟੋਲ ਰਾਜ ਵਿੱਚ ਸਥਿਤ ਹੈ ਅਤੇ ਇਸ ਤਰ੍ਹਾਂ, ਸਾਡੇ ਕੋਲ ਰਾਜ ਵਿਆਪੀ ਮੀਟਿੰਗਾਂ ਅਤੇ ਗਤੀਵਿਧੀਆਂ ਦੀ ਮੇਜ਼ਬਾਨੀ ਕਰਨ ਦਾ ਵਿਲੱਖਣ ਮੌਕਾ ਹੈ। ਇਹ ਲੋਕੇਸ਼ਨ ਉਨ੍ਹਾਂ ਸਮਾਰੋਹਾਂ ਵਿੱਚ ਸਹਾਇਤਾ ਲਈ ਮੁਕੰਮਲ ਰੂਪ ਵਿੱਚ ਸਥਾਨਕ ਸਹੂਲਤਾਂ ਪ੍ਰਦਾਨ ਕਰਦੀ ਹੈ।

ਰਾਜ ਵਿਆਪੀ ਮੀਟਿੰਗਾਂ ਤੋਂ ਇਲਾਵਾ, ACRC ਕਈ ਤਰ੍ਹਾਂ ਦੇ ਹੋਰਨਾਂ ਸਮਾਰੋਹਾਂ ਅਤੇ ਮੀਟਿੰਗਾਂ ਵਿੱਚ ਸਹਿਯੋਗ ਕਰਦਾ ਹੈ, ਜਿਨ੍ਹਾਂ ਵਿੱਚ ਵੈਂਡਰ ਰਿਸੋਰਸ ਮੇਲੇ, ਗਾਹਕ ਮਾਈਕ੍ਰੋ-ਐਂਟਰਪ੍ਰਾਈਜ਼ ਪ੍ਰੋਮੋਸ਼ਨਾਂ, ਭਾਈਚਾਰਕ ਸਿਖਲਾਈ, ਅਤੇ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਛੁੱਟੀਆਂ ਦੀ ਪਰੰਪਰਾ, ਸੈਂਟਾ ਡੇ (Santa Day), ਜਿਸਦਾ ਵਿਸਤਾਰ ਕਰਕੇ ਅਸੀਂ ਇਸ ਵਿੱਚ ਰੀਤੀ-ਰਿਵਾਜਾਂ ਅਤੇ ਜਸ਼ਨਾਂ ਨੂੰ ਸ਼ਾਮਲ ਕਰ ਦਿੱਤਾ ਹੈ।

ਸਾਡੀਆਂ ਨਵੀਆਂ ਸੁਵਿਧਾਵਾਂ (ਫ਼ੈਸਿਲਿਟੀਆਂ) ਸਾਡੇ ਸਟਾਫ਼ ਅਤੇ ਜਨਤਾ ਦੇ ਸੁਆਗਤ ਕਰਨ ਲਈ ਇੱਕ ਖ਼ੂਬਸੂਰਤ ਸਥਾਨ ਹੋਣਗੀਆਂ। ਅਸੀਂ ਤੁਹਾਨੂੰ ਸਭ ਨੂੰ ਸਾਡੇ ਨਵੇਂ ਸਥਾਨ 'ਤੇ ਸੱਦਾ ਦੇਣ ਲਈ ਉਤਸ਼ਾਹਿਤ ਹਾਂ!

ਜਾਰੀ ਪੰਨਾ 2

### ਇਸ ਅੰਕ ਵਿੱਚ ਕੀ ਹੈ:


- ED ਦਾ ਸੁਨੇਹਾ
- ਆਊਟਰੀਚ ਗਤੀਵਿਧੀਆਂ
- ਸਮਾਜਕ ਮਨ-ਪਰਚਾਵੇ 'ਤੇ ਅੱਪਡੇਟ
- ਸਾਡੇ ਮਿਸ਼ਨ ਨੂੰ ਪੂਰਾ ਕਰਨਾ
- ਵਿਸ਼ੇਸ਼ ਸਿੱਖਿਆ ਪ੍ਰਬੰਧਕ
- ਸਟਾਫ਼ ਸਪੌਟਲਾਈਟਸ
- ਕਲੀਨਿਕਲ ਕਾੱਰਨਰ
- ਰਿਹਾਇਸ਼ੀ SC ਟ੍ਰੇਨਿੰਗ
- IDA ਟ੍ਰੇਨਿੰਗ
- ਰੂਮਮੇਟ ਡੇਟਾਬੇਸ
- ਫ਼ੀਚਰਡ ਆਰਟਿਸਟ

<u>ਘੋਸ਼ਣਾ</u>

ACRC ਤਿਮਾਹੀ ਵਰਚੁਅਲ ਕਮਿਉਨਿਟੀ ਮੀਟਿੰਗਾਂ ਦੀ ਮੇਜ਼ਬਾਨੀ ਕਰ ਰਿਹਾ ਹੈ - 6 ਨਵੰਬਰ - ਸਵੇਰੇ 11 ਵਜੇ- ਦੁਪਹਿਰ 12 ਵਜੇ

ਕਿਰਪਾ ਕਰਕੇ ਨੋਟ ਕਰੋ: ਕਮਿਉਨਿਟੀ ਮੀਟਿੰਗ ਦਾ ਮਕਸਦ ਪੂਰੇ ਸੰਗਠਨ ਵਿੱਚ ਅੱਪਡੇਟਾਂ ਨੂੰ ਸਾਂਝਾ ਕਰਨਾ ਅਤੇ ਸਾਡੇ ਭਾਈਚਾਰੇ ਨਾਲ ਜੁੜਨਾ ਹੁੰਦਾ ਹੈ। ਇਹ ਗਾਹਕ ਨਾਲ ਜੁੜੇ ਵਿਸ਼ੇਸ਼ ਮੁੱਦਿਆਂ ਦੀ ਜਗ੍ਹਾ ਨਹੀਂ ਹੈ। ਉਸ ਵਿਚਾਰ-ਚਰਚਾ ਦਾ ਸੁਆਗਤ ਪਲਾਨਿੰਗ ਟੀਮ ਪੱਧਰ 'ਤੇ ਜਾਂ ਆਹਮੋ-ਸਾਹਮਣੇ ਗੱਲਬਾਤ ਵਿਚ ਕੀਤਾ ਜਾਂਦਾ ਹੈ। ਗਾਹਕ ਦੀ ਗੋਪਨੀਅਤਾ ਨੂੰ ਸੁਰੱਖਿਅਤ ਬਣਾਈ ਰੱਖਣ ਦੀ ਲੋੜ ਨੂੰ ਸਮਝਣ ਲਈ ਤੁਹਾਡਾ ਧੰਨਵਾਦ। ਵਾਧੂ ਜਾਣਕਾਰੀ ਵਾਸਤੇ ਲਿੰਕ ਪ੍ਰਾਪਤ ਕਰਨ ਲਈ https://www.altaregional.org/calendar 'ਤੇ ਜਾਓ। ਕਿਸੇ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ।

## ਕਾਰਜਕਾਰੀ ਨਿਰਦੇਸ਼ਕ ਦਾ ਸੁਨੇਹਾ - ਜਾਰੀ

ਇਸ ਕਦਮ ਦੀ ਤਿਆਰੀ ਕਰਦੇ ਹੋਏ, ਅਸੀਂ ਵਿਕਾਸਾਤਮਕ ਅਪਾਹਜਤਾਵਾਂ ਵਾਲੇ ਵਿਅਕਤੀਆਂ ਨੂੰ ਸਹਿਯੋਗ ਦੇਣ ਦੇ ਮਹੱਤਵਪੂਰਨ ਕੰਮ ਨੂੰ ਅਪਣਾਉਣਾ ਜਾਰੀ ਰੱਖਿਆ ਹੋਇਆ ਹੈ। ਅਸੀਂ ਆਪਣੀ ਟੀਮ ਵਿੱਚ ਸ਼ਾਮਲ ਹੋਣ ਲਈ ਸ਼ਾਨਦਾਰ ਉਮੀਦਵਾਰਾਂ ਨੂੰ ਆਕਰਸ਼ਿਤ ਕਰ ਰਹੇ ਹਾਂ ਤਾਂ ਜੋ ਅਸੀਂ ਨਜਿੱਠਣਯੋਗ ਕੇਸਾਂ ਦੀ ਗਿਣਤੀ ਨੂੰ ਹੇਠਾਂ ਲਿਆਉਣਾ ਜਾਰੀ ਰੱਖ ਸਕੀਏ ਜਿਸ ਨਾਲ ਉਨ੍ਹਾਂ ਲੋਕਾਂ ਨਾਲ ਸਬੰਧ ਬਣਾਉਣ ਅਤੇ ਵਿਅਕਤੀ-ਕੇਂਦ੍ਰਿਤ ਯੋਜਨਾਬੰਦੀ ਦਾ ਕੰਮ ਸੁਖਾਲਾ ਹੋ ਸਕੇ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਬੀਤੇ ਬਾਰਾਂ ਮਹੀਨਿਆਂ ਵਿੱਚ, ਅਸੀਂ 208 ਸਟਾਫ਼ ਮੈਂਬਰਾਂ ਨੂੰ ਨਿਯੁਕਤ ਕੀਤਾ ਹੈ। ਅਸੀਂ ਇੱਕ ਖੁਸ਼ਹਾਲ ਅਤੇ ਸਮਰਥਿਤ ਕਰਮਚਾਰੀ ਅਮਲੇ ਨੂੰ ਵਧਾਉਣ ਲਈ ਭਰਤੀ ਅਤੇ ਨੌਕਰੀ ਬਰਕਰਾਰ ਰੱਖਣ ਦੀਆਂ ਰਣਨੀਤੀਆਂ ਲਈ ਵਚਨਬੱਧ ਹਾਂ।

ਅਜਿਹੀਆਂ ਕਈ ਪਹਿਲਕਦਮੀਆਂ ਹਨ ਜਿਨ੍ਹਾਂ ਨੂੰ ਅਸੀਂ ਇਸ ਸਮੇਂ ਉਤਸ਼ਾਹਿਤ ਕਰ ਰਹੇ ਹਾਂ: ਜਿਨ੍ਹਾਂ ਵਿੱਚੋਂ ਕੁਝ ਇਹ ਹਨ, ਵਿਅਕਤੀ-ਕੇਂਦਰਿਤ ਪਲਾਨਿੰਗ ਵਰਕਸ਼ਾਪਾਂ ਅਤੇ ਟ੍ਰੇਨਿੰਗ; ਸਹਿਯੋਗ ਪ੍ਰਾਪਤ ਫ਼ੈਸਲੇ ਲੈਣ ਵਾਲੀਆਂ ਵਰਕਸ਼ਾਪਾਂ ਅਤੇ ਟ੍ਰੇਨਿੰਗ; ਭਾਈਚਾਰਕ ਸਿੱਖਿਆ ਵਰਕਸ਼ਾਪਾਂ; DSP ਕੋਲੈਬੋਰੇਟਿਵ; ਅਤੇ ਕੋਆਰਡੀਨੇਟਿਡ ਫ਼ਿਊਚਰ ਪਲਾਨਿੰਗ। ACRC ਇਹ ਖਬਰ ਸਾਂਝੀ ਕਰਦੇ ਹੋਏ ਮਾਣਮੱਤਾ ਮਹਿਸੂਸ ਕਰ ਰਿਹਾ ਹੈ ਕਿ ਕੋਆਰਡੀਨੇਟਿਡ ਫ਼ਿਊਚਰ ਪਲਾਨਿੰਗ (ਉਰਫ਼, ਕੇਅਰਗਿਵਰ ਸਕਸੈਸ਼ਨ ਪਲਾਨਿੰਗ) 'ਤੇ ਸਾਡੇ ਕੰਮ ਨੂੰ ਵਿਧਾਨ ਸਭਾ ਦੁਆਰਾ ਮਾਨਤਾ ਦਿੱਤੀ ਗਈ ਹੈ ਅਤੇ ਇਸ ਸਮੇਂ ਬਿੱਲ (AB 3291) 30 ਸਤੰਬਰ ਤੱਕ ਗਵਰਨਰ ਦੁਆਰਾ ਦਸਤਖਤਾਂ ਜਾਂ ਵੀਟੋ ਦੀ ਕਾਰਵਾਈ ਦੀ ਉਡੀਕ ਵਿੱਚ ਹੈ। ਮੈਨੂੰ ਆਸ ਹੈ ਕਿ ਜਦੋਂ ਅਕਤੂਬਰ ਵਿੱਚ ਇਹ ਨਿਊਜ਼ਲੈਟਰ ਆਏਗਾ, ਤਾਂ ਅਸੀਂ ਇਹ ਦੱਸਣ ਦੇ ਯੋਗ ਹੋਵਾਂਗੇ ਕਿ ਬਿੱਲ ਦਾ ਸਮਰਥਨ ਕਰ ਦਿੱਤਾ ਗਿਆ ਹੈ। ਨਤੀਜਾ ਭਾਵੇਂ ਜੋ ਵੀ ਹੋਵੇ, ਸਾਡਾ ਭਾਈਚਾਰਾ ਇਹ ਤਸੱਲੀ ਰੱਖ ਸਕਦਾ ਹੈ ਕਿ ਇਸ ਖੇਤਰ ਵਿੱਚ ਸਾਡਾ ਕੰਮ ਜਾਰੀ ਰਹੇਗਾ।

ਜਿਵੇਂ-ਜਿਵੇਂ ਅਸੀਂ ਪਤਝੜ ਵੱਲ ਵੱਧ ਰਹੇ ਹਾਂ, ਸਾਡੇ ਕਮਿਉਨਿਟੀ ਕੈਲੰਡਰ ਨੂੰ ਦੇਖਣਾ ਨਾ ਭੁੱਲਿਓ, ਇਹ ਜਾਣਨ ਲਈ ਕਿ ਸਾਡੇ ਇਲਾਕੇ ਵਿੱਚ ਕੀ ਕੁਝ ਵਾਪਰ ਰਿਹਾ ਹੈ, ਇਹ ਸਾਡੀ ਵੈੱਬਸਾਈਟ https://www.altaregional.org/events-calendar 'ਤੇ ਪੋਸਟ ਕੀਤਾ ਜਾਂਦਾ ਹੈ।

## ACRC ਵੱਲੋਂ ਦੱਖਣੀ ਕੋਰੀਆਈ ਕਾਲਜ ਦੇ ਵਿਦਿਆਰਥੀ ਦੇ ਦੌਰੇ ਦੀ ਮੇਜ਼ਬਾਨੀ

ਸਾਨੂੰ ਇੰਜੇ ਯੂਨੀਵਰਸਿਟੀ (Inje University) ਦੇ ਵਿਸ਼ੇਸ਼ ਸਿੱਖਿਆ ਵਿਭਾਗ (Department of Special Education) ਤੋਂ ਦੌਰੇ 'ਤੇ ਆਏ ਵਿਦਿਆਰਥੀਆਂ ਦੀ ਮੇਜ਼ਬਾਨੀ ਕਰਨ ਦਾ ਅਨੰਦ ਪ੍ਰਾਪਤ ਹੋਇਆ। ਉਹ ACRC ਦੇ ਸਟਾਫ਼ ਨਾਲ ਮਿਲੇ ਅਤੇ ਅਖੀਰ ਵਿੱਚ ਕੁਝ ਤਾਜ਼ੀਆਂ ਸਬਜ਼ੀਆਂ ਲੈਣ ਲਈ ਕਾਰਮਾਈਕਲ ਵਿੱਚ ਮੇਰਿਸਟਮ ਦਾ ਦੌਰਾ ਕੀਤਾ। ACRC ਨੂੰ ਕੈਲੀਫ਼ੋਰਨੀਆ ਦੀ ਸ਼ਾਨਦਾਰ ਵਿਕਾਸਾਤਮਕ ਅਪਾਹਜਤਾ ਸੇਵਾ ਪ੍ਰਣਾਲੀ ਨੂੰ ਸੈਲਾਨੀਆਂ ਨਾਲ ਸਾਂਝਾ ਕਰਨਾ ਚੰਗਾ ਲੱਗਦਾ ਹੈ।








# ਆਊਟਰੀਚ

ACRC ਉਨ੍ਹਾਂ ਕਮਿਉਨਿਟੀ ਇਵੈਂਟਾਂ ਵਿੱਚ ਹਿੱਸਾ ਲੈਣ ਲਈ ਵਚਨਬੱਧ ਹੈ ਜੋ ਸ੍ਰੋਤ, ਵੰਨ-ਸੁਵੰਨੇ ਸਭਿਆਚਾਰਾਂ ਨਾਲ ਜੁੜਨ ਦੇ ਮੌਕੇ, ਅਤੇ ਰੀਜਨਲ ਸੈਂਟਰ ਦੇ ਗਾਹਕਾਂ ਅਤੇ ਪਰਿਵਾਰਾਂ ਨਾਲ ਗੱਲਬਾਤ ਕਰਨ ਦੇ ਮੌਕੇ ਪ੍ਰਦਾਨ ਕਰਦੀਆਂ ਹਨ। ਜੁਲਾਈ - ਸਤੰਬਰ ਦਰਮਿਆਨ ਅਸੀਂ ਜਿਨ੍ਹਾਂ ਪ੍ਰੋਗਰਾਮਾਂ ਵਿੱਚ ਭਾਗ ਲਿਆ ਉਨ੍ਹਾਂ ਵਿੱਚੋਂ ਕੁਝ ਦੀਆਂ ਤਸਵੀਰਾਂ ਦੇਖੋ।

ਜੇ ਤੁਹਾਡੀ ਦਿਲਚਸਪੀ ਕਮਿਉਨਿਟੀ ਇਵੈਂਟਾਂ ਵਿੱਚ ਹੈ, ਤਾਂ ਕਿਰਪਾ ਕਰਕੇ https://www.altaregional.org/events-calendar 'ਤੇ ਸਾਡੇ ਵੈੱਬਸਾਈਟ ਕੈਲੰਡਰ 'ਤੇ ਜਾਓ। ਜੇ ਤੁਸੀਂ ਇੱਕ ਇਵੈਂਟ ਆਯੋਜਕ ਹੋ ਅਤੇ ਚਾਹੁੰਦੇ ਹੋ ਕਿ ACRC ਕਿਸੇ ਆਊਟਰੀਚ ਇਵੈਂਟ ਵਿੱਚ ਭਾਗ ਲਵੇ, ਤਾਂ sgriffin@altaregional.org 'ਤੇ ਈਮੇਲ ਦੁਆਰਾ ਸ਼ਮੀਰ ਗ੍ਰਿਫਿਨ (Shamir Griffin), ਸਭਿਆਚਾਰਕ ਵੰਨ-ਸੁਵੰਨਤਾ ਵਿਸ਼ੇਸ਼ਗ (Cultural Diversity Specialist) ਨਾਲ ਸੰਪਰਕ ਕਰੋ।



ਐਕਸੈਸ ਲੇਇਯਰ ਦੁਆਰਾ ਸਾਊਥਸਾਈਡ ਪਾਰਕ ਪਲੇ ਡੇਟ



Dia de la Familia



ਨਿਊਰੋ-ਵਿਕਾਸਤਾਮਕ ਅਪਾਹਜਤਾਵਾਂ 'ਤੇ UC ਡੇਵਿਸ ਸਮਰ ਇੰਸਟੀਚਿਊਟ



ਡਿਸੇਬਿਲਿਟੀ ਪ੍ਰਾਈਡ ਰਿਸੋਰਸ ਮੇਲਾ



ਹਮੋਂਗ ਯੂਥ ਐਂਡ ਪੇਰੈਂਟਸ ਯੂਨਾਈਟਿਡ ਦੁਆਰਾ ਨੈਕਸਟ ਲੈਵਲ ਯੂਨਾਇਟਿਡ



ਸ਼ਿੰਗਲ ਸਪ੍ਰਿੰਗਜ਼ ਟ੍ਰਾਈਬਲ TANF




ਰਿਸੋਰਸਿਜ਼ ਫ਼ਾਰ ਇੰਡੀਪੈਂਡੈਂਟ ਲਿਵਿੰਗ ਦੁਆਰਾ ਸਥਾਨਕ ਬੁਢਾਪਾ ਅਤੇ ਅਪਾਹਜਤਾ-ਅਨੁਕੂਲ ਕਾਰਜ ਯੋਜਨਾ

## ਸਮਾਜਕ ਮਨ-ਪਰਚਾਵਾ ਸੇਵਾਵਾਂ 'ਤੇ ਅੱਪਡੇਟ



ਸਮਾਜਕ ਮਨ-ਪਰਚਾਵਾ ਸੇਵਾਵਾਂ (Social Recreational Services) ਨੂੰ 2021 ਵਿੱਚ ਬਹਾਲ ਕੀਤਾ ਗਿਆ ਸੀ, ਅਤੇ ACRC ਦੁਆਰਾ ਭਾਗੀਦਾਰ ਨਿਰਦੇਸ਼ਿਤ ਸੇਵਾਵਾਂ ਪ੍ਰਦਾਨ ਕਰਨ ਲਈ ਵੈਂਡਰਾਂ ਅਤੇ ਵਿੱਤੀ ਪ੍ਰਬੰਧਨ ਸੇਵਾ ਏਜੰਸੀਆਂ ਦੀ ਗਿਣਤੀ ਵਿੱਚ ਵਾਧਾ ਕਰਨਾ ਜਾਰੀ ਹੈ। ਇਸ ਨਾਲ ਪ੍ਰਦਾਤਾਵਾਂ ਨੂੰ ਭੁਗਤਾਨ ਦੀ ਇੱਕ ਕਾਰਗਰ ਪ੍ਰਕਿਰਿਆ ਨਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਦਦ ਮਿਲਦੀ ਹੈ।

ACRC ਬੱਚਿਆਂ ਅਤੇ ਬਾਲਗ ਵਿਅਕਤੀਆਂ ਵਿੱਚ ਜਾਗਰੂਕਤਾ ਵਧਾਉਣ, ਪਛਾਣ-ਅਧਾਰਤ ਭਾਈਚਾਰਿਆਂ ਵਿੱਚ ਅਤੇ ਗੈਰ-ਅੰਗ੍ਰੇਜ਼ੀ ਬੋਲਣ ਵਾਲੇ ਭਾਈਚਾਰਿਆਂ ਵਿੱਚ ਪ੍ਰਚਾਰ ਕਰਨ ਲਈ ਵਚਨਬੱਧ ਹੈ! ਸਮਾਜਕ ਮਨ-ਪਰਚਾਵਾ ਸੇਵਾਵਾਂ ਉਪਲਬਧ ਹਨ ਅਤੇ ਇਨ੍ਹਾਂ ਨੂੰ ACRC ਦੁਆਰਾ ਫ਼ੰਡ ਕੀਤਾ ਜਾ ਸਕਦਾ ਹੈ।

ਅਸੀਂ ਸੇਵਾ ਕੋਆਰਡੀਨੇਟਰਾਂ (SCs) ਅਤੇ ਭਾਈਚਾਰੇ ਲਈ ਵੱਡੇ ਪੈਮਾਨੇ 'ਤੇ ਟ੍ਰੇਨਿੰਗ ਸੈਸ਼ਨਾਂ ਦਾ ਆਯੋਜਨ ਕੀਤਾ ਹੈ। ਟ੍ਰੇਨਿੰਗ ਸਮੱਗਰੀਆਂ ਸਾਡੀ ਵੈਬਸਾਈਟ 'ਤੇ ਪੋਸਟ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਨੂੰ ਕਈ ਭਾਸ਼ਾਵਾਂ ਵਿੱਚ ਦੇਖਿਆ ਜਾ ਸਕਦਾ ਹੈ: https://www.altaregional.org/post/social-recreation-activities-camp-and-non-medical-therapies-restored

## ਸਾਡੇ ਮਿਸ਼ਨ ਨੂੰ ਪੂਰਾ ਕਰਨਾ







ਵੀਰਵਾਰ, 25 ਜੁਲਾਈ ਨੂੰ, ਨੀਨਾ ਦੇ ਮਾਣਮੱਤੇ ਮਾਪਿਆਂ, ਸ਼੍ਰੀ ਅਤੇ ਸ਼੍ਰੀਮਤੀ ਕੈਲਨਚਿਨੀ ਨੇ ਸਾਡੀ ਬੋਰਡ ਮੀਟਿੰਗ ਵਿੱਚ ਹਿੱਸਾ ਲਿਆ ਅਤੇ ਦੱਸਿਆ ਕਿ ਕਿਵੇਂ ਸਾਡੇ ਬੇਮਿਸਾਲ SCs ਵਿੱਚੋਂ ਇੱਕ, ਟਿਫਨੀ ਨੂਨੇਜ਼ (Tiffany Nunez), ਨੇ ਉਨ੍ਹਾਂ ਦੀ ਧੀ ਦੇ ਜੀਵਨ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਅਤੇ ਸਮਾਜਕ ਮਨ-ਪਰਚਾਵਾ ਸੇਵਾਵਾਂ ਵਿੱਚ ਭਾਗ ਲੈਣ ਨਾਲ ਨੀਨਾ ਨੂੰ ਕਿਵੇਂ ਫ਼ਾਇਦਾ ਹੋਇਆ।

## KRISTINE GAMBERG (ਕ੍ਰਿਸਟੀਨ ਗੈਂਬਰਗ), ਐਜੂਕੇਸ਼ਨ ਸਪੋਰਟ ਮੈਨੇਜਰ ਨੂੰ ਮਿਲੋ!



ਕ੍ਰਿਸਟੀਨ ਸਾਡੇ 10-ਕਾਉਂਟੀ ਕੈਚਮੈਂਟ ਇਲਾਕੇ ਵਿੱਚ ਸਿੱਖਿਆ ਭਾਈਵਾਲਾਂ ਦੇ ਨਾਲ ਮਿਲਕੇ ਸਹਿਯੋਗ ਕਰਦੀ ਹੈ। ਉਸਦੀ ਟੀਮ SCs ਲਈ ਹਫ਼ਤਾਵਾਰੀ ਸਿੱਖਿਆ ਸਲਾਹ-ਮਸ਼ਵਰਾ ਕਲੀਨਿਕ ਅਤੇ ਮਹੀਨੇਵਾਰ ਸਿੱਖਿਆ ਵਰਕਸ਼ਾਪਾਂ ਆਯੋਜਤ ਕਰਦੀ ਹੈ। ਕ੍ਰਿਸਟੀਨ IDEA ਭਾਗ C ਤੋਂ ਬਦਲ ਕੇ ਭਾਗ B ਸੇਵਾਵਾਂ ਵਿੱਚ ਜਾਣ ਵਾਲੇ ਬੱਚਿਆਂ ਅਤੇ ਪਰਿਵਾਰਾਂ ਲਈ, ਅਤੇ ਆਪਣਾ ਸੈਕੰਡਰੀ ਸਕੂਲ ਪੂਰਾ ਕਰ ਲੈਣ ਵਾਲੇ ਵਿਦਿਆਰਥੀਆਂ ਲਈ ਕਮੀਆਂ ਜਾਂ ਪਾੜੇ ਨੂੰ ਪਛਾਣਦੀ ਹੈ ਅਤੇ ਉਨ੍ਹਾਂ ਨੂੰ ਪੂਰਦੀ ਹੈ।

ਕ੍ਰਿਸਟੀਨ ਨੂੰ ਸਿੱਖਿਆ ਦੇ ਖੇਤਰ ਵਿੱਚ ਵੀਹ ਤੋਂ ਵੱਧ ਸਾਲਾਂ ਦਾ ਤਜਰਬਾ ਹੈ। ਉਸਨੇ ਸੈਕਰਾਮੈਂਟੋ ਸਿਟੀ ਯੂਨੀਫ਼ਾਈਡ ਸਕੂਲ ਡਿਸਟ੍ਰਿਕਟ ਲਈ ਇੱਕ ਵਿਸ਼ੇਸ਼ ਸਿੱਖਿਅਕ ਅਤੇ ਇੱਕ ਪ੍ਰੋਗਰਾਮ ਮਾਹਰ ਵਜੋਂ ਕੰਮ ਕੀਤਾ। ਉਹ ACRC ਵਿੱਚ ਵਿਸ਼ੇਸ਼ ਸਿੱਖਿਆ ਕਨੂੰਨਾਂ ਅਤੇ ਨੀਤੀਆਂ ਦੀ ਡੂੰਘੀ ਜਾਣਕਾਰੀ ਲਿਆਉਂਦੀ ਹੈ।

ACRC ਤਿਮਾਹੀ ਭਾਈਚਾਰਕ ਸਿੱਖਿਆ ਵਰਕਸ਼ਾਪਾਂ ਦੀ ਮੇਜ਼ਬਾਨੀ ਕਰਦਾ ਹੈ। ਕਿਰਪਾ ਕਰਕੇ ਸਾਡੇ ਨਾਲ ਜੁੜੋ! ਵਿਸ਼ੇਸ਼ ਸਿੱਖਿਆ - ਆਲਟਾ ਕੈਲੀਫ਼ੋਰਨੀਆ ਰੀਜਨਲ ਸੈਂਟਰ

## ਸਟਾਫ਼ ਸਪੌਟਲਾਈਟ
## ਬੋਨੀ ਡਿਬਲ-ਸਿਯੂਦਾ (BONNIE DIBBLE-CIUDAD)



ਬੋਨੀ ਡਿਬਲ-ਸਿਯੂਦਾ (Bonnie Dibble-Ciudad) ਨੇ 2019 ਵਿੱਚ ਆਪਣਾ ACRC ਦਾ ਸਫ਼ਰ ਸ਼ੁਰੂ ਕੀਤਾ। ਪਿਛਲੇ 5, ਲਗਭਗ 6 ਸਾਲਾਂ ਤੋਂ ਉਹ ਸ਼ੁਰੂਆਤੀ ਦਖਲਅੰਦਾਜ਼ੀ (Early Intervention) ਵਿੱਚ ਪਰਿਵਾਰਾਂ ਲਈ ਵਕਾਲਤ ਕਰ ਰਹੀ ਹੈ। ACRC ਵਿੱਚ ਆਪਣੀ ਸ਼ੁਰੂਆਤ ਕਰਨ ਤੋਂ ਪਹਿਲਾਂ ਉਸਨੇ UC ਡੇਵਿਸ ਤੋਂ ਮਨੋਵਿਗਿਆਨ ਵਿੱਚ ਆਪਣੀ ਬੈਚਲਰ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਬਹੁ-ਅਨੁਸ਼ਾਸਨੀ ਟੀਮ ਮੀਟਿੰਗਾਂ ਦੀ ਸੁਵਿਧਾ ਪ੍ਰਦਾਨ ਕਰਨ ਵਾਲੀ ਫ਼ੋਸਟਰ ਕੇਅਰ ਪ੍ਰਣਾਲੀ ਵਿੱਚ ਕੰਮ ਕੀਤਾ। ਇਸ ਸਮੇਂ ਦੌਰਾਨ ਉਸਦੀ ਪਛਾਣ ਰੀਜਨਲ ਸੈਂਟਰ ਨਾਲ ਹੋਈ ਅਤੇ ਉਸਨੂੰ ਬੜੀ ਛੇਤੀ ਹੀ ਇਹ ਅਹਿਸਾਸ ਹੋ ਗਿਆ ਕਿ ਇਹ ਉਨ੍ਹਾਂ ਪਰਿਵਾਰਾਂ ਲਈ ਕਿੰਨਾ ਵਧੀਆ ਸਰੋਤ ਹੈ ਜਿਨ੍ਹਾਂ ਦੀ ਉਹ ਸੇਵਾ ਕਰ ਰਹੀ ਸੀ।

ਬੋਨੀ ਲਗਾਤਾਰ ਆਪਣੇ ਨਜਿੱਠਣਯੋਗ ਕੇਸਾਂ ਵਿੱਚ ਹਰੇਕ ਗਾਹਕ ਲਈ ਉਮੀਦ ਨਾਲੋਂ ਵੱਧ-ਚੜ੍ਹ ਕੇ ਕੰਮ ਕਰਦੀ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਗੱਲ ਸੁਣੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸਹਿਯੋਗ ਦਿੱਤਾ ਜਾਂਦਾ ਹੈ। ਆਪਣੀ ਨੌਕਰੀ ਵਿੱਚ ਉਸਦਾ ਮਨਪਸੰਦ ਹਿੱਸਾ ਹੈ ਉਨ੍ਹਾਂ ਪਰਿਵਾਰਾਂ ਲਈ ਵਕਾਲਤ ਕਰਨਾ ਜੋ ਅੰਗ੍ਰੇਜ਼ੀ ਨਹੀਂ ਬੋਲਦੇ ਜਾਂ ਕਾਉਂਟੀ ਵਿੱਚ ਨਵੇਂ ਆਏ ਹਨ, ਅਤੇ ਬੇਸ਼ੱਕ ਨਿੱਕੇ ਬੱਚਿਆਂ ਨੂੰ ਦੇਖਣਾ ਤਾਂ ਇੱਕ ਬੋਨਸ ਹੈ! ਬੋਨੀ ਦੀ ਸਭ ਤੋਂ ਪਹਿਲੀ ਤਰਜੀਹ ਇਹ ਪੱਕਾ ਕਰਨਾ ਹੈ ਕਿ ਅਸੀਂ ਜਿਨ੍ਹਾਂ ਪ੍ਰਣਾਲੀਆਂ ਵਿੱਚ ਕੰਮ ਕਰਦੇ ਹਾਂ, ਉਨ੍ਹਾਂ ਵਿਚਲੇ ਸਾਰੇ ਸ੍ਰੋਤਾਂ ਅਤੇ ਦੇਖਭਾਲ ਤੱਕ ਹਰ ਪਰਿਵਾਰ ਨੂੰ ਬਰਾਬਰ ਦੀ ਪਹੁੰਚ ਮਿਲ ਰਹੀ ਹੈ। ਬੋਨੀ ਮੂਲ ਰੂਪ ਵਿੱਚ ਪੇਰੂ ਦੀ ਰਹਿਣ ਵਾਲੀ ਹੈ ਅਤੇ 2011 ਵਿੱਚ ਸੰਯੁਕਤ ਰਾਜ ਵਿੱਚ ਆ ਕੇ ਵੱਸ ਗਈ ਸੀ, ਉਸਦਾ ਪਾਲਣ-ਪੋਸ਼ਣ ਇੱਕ ਬਹੁ-ਪੀੜ੍ਹੀ ਪਰਿਵਾਰ ਵਿੱਚ ਹੋਇਆ ਸੀ ਅਤੇ ਇਸ ਪਿਛੋਕੜ ਦੇ ਨਾਲ ਉਸਨੂੰ ਇੱਥੇ ਸੰਯੁਕਤ ਰਾਜ ਵਿੱਚ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਵਿੱਚ ਮੌਜੂਦ ਸਾਡੇ ਵਿਲੱਖਣ ਅੰਤਰਾਂ ਬਾਰੇ ਜਾਣਕਾਰੀ ਹੈ।


ਆਪਣੇ ਖਾਲੀ ਸਮੇਂ ਵਿੱਚ ਬੋਨੀ ਕੋਈ ਵਧੀਆ ਆਡੀਓਬੁੱਕ ਪੜ੍ਹਨਾ ਜਾਂ ਸੁਣਨਾ ਪਸੰਦ ਕਰਦੀ ਹੈ। ਉਸਨੂੰ ਵਾਟਰ ਕਲਰਜ਼ ਨਾਲ ਪੇਂਟ ਕਰਨ ਅਤੇ ਆਪਣੀ 3 ਸਾਲ ਦੀ ਬੇਟੀ, ਬੇਲਾ ਨਾਲ ਖੇਡਣਾ ਚੰਗਾ ਲੱਗਦਾ ਹੈ। ਬੋਨੀ ਨੇ 2019 ਵਿੱਚ ਪਾਲਣ-ਪੋਸ਼ਣ ਕਰਨਾ ਸ਼ੁਰੂ ਕੀਤਾ ਸੀ ਅਤੇ 2020 ਵਿੱਚ ਸਿਰਫ਼ 3 ਹਫ਼ਤਿਆਂ ਦੀ ਉਮਰ ਵਿੱਚ ਬੇਲਾ, ਬੋਨੀ ਅਤੇ ਉਸਦੇ ਪਤੀ ਦੇ ਘਰ ਆਈ, 2022 ਵਿੱਚ ਉਹ ਉਸਨੂੰ ਗੋਦ ਲੈਣ ਦੀ ਪ੍ਰਕਿਰਿਆ ਨੂੰ ਅੰਤਮ ਰੂਪ ਦੇ ਸਕੇ ਅਤੇ ਉਹ ਸਭ ਤੋਂ ਵਧੀਆ ਹੈ! ਫ਼ਿਲਹਾਲ, ਬੋਨੀ ਆਪਣੇ ਪਰਿਵਾਰ ਅਤੇ 2 ਕੁੱਤਿਆਂ ਦੇ ਨਾਲ ਸਮੇਂ ਦਾ ਅਨੰਦ ਮਾਣਦੇ ਹੋਏ ਬਾਲ ਅਤੇ ਕਿਸ਼ੋਰ ਮਨੋਵਿਗਿਆਨ ਵਿੱਚ ਆਪਣੀ ਮਾਸਟਰਜ਼ ਡਿਗਰੀ ਪੂਰੀ ਕਰ ਰਹੀ ਹੈ!

# ACRC ਦੁਆਰਾ ਵੈਂਡਰ ਮੇਲਿਆਂ ਦੀ ਮੇਜ਼ਬਾਨੀ



ਅਗਸਤ 2024 ਨੂੰ, ਅਸੀਂ ਸਾਡੇ ਹਾਰਵਰਡ ਦਫ਼ਤਰ ਵਿਖੇ ਵੈਂਡਰ ਮੇਲਿਆਂ ਲਈ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ (Early Intervention Services) ਅਤੇ ਵਿਵਹਾਰ ਸਬੰਧੀ ਸੇਵਾਵਾਂ (behavioral services) ਪ੍ਰਦਾਨ ਕਰਨ ਵਾਲੇ ਸੇਵਾ ਪ੍ਰਦਾਤਾਵਾਂ ਦਾ ਸੁਆਗਤ ਕੀਤਾ। ਆਉਣ ਵਾਲੇ ਪ੍ਰਬੰਧਕਾਂ ਅਤੇ ਸੇਵਾ ਪ੍ਰਦਾਤਾਵਾਂ ਦਾ ਧੰਨਵਾਦ।






































## ਕਲੀਨਿਕਲ ਕਾੱਰਨਰ



ACRC ਨੂੰ ਹਰ ਮਹੀਨੇ ਰੀਜਨਲ ਸੈਂਟਰ ਲਈ ਯੋਗਤਾ ਦਾ ਮੁਲਾਂਕਣ ਕਰਨ ਵਾਸਤੇ 300 ਤੋਂ ਵੱਧ ਦਾਖਲਾ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ। ਇਸ ਵਾਧੇ ਨੇ ਲੋੜੀਂਦੀ ਸਮਾਂ-ਸੀਮਾ ਦੇ ਅੰਦਰ ਇਸ ਤਾਦਾਦ ਵਿੱਚ ਅਰਜ਼ੀਆਂ ਨੂੰ ਪ੍ਰਕਿਰਿਆ ਵਿੱਚ ਪਾਉਣ ਦੀ ਸਾਡੀ ਅੰਦਰੂਨੀ ਸਮਰੱਥਾ ਨੂੰ ਚੁਣੌਤੀ ਦਿੱਤੀ ਹੈ ਅਤੇ ਇਹ ਚੁਣੌਤੀ ਜਾਰੀ ਹੈ। ਇੱਕ ਨਿਰਧਾਰਤ ਸੰਚਾਲਨ ਬਜਟ ਦੇ ਅੰਦਰ ਕੰਮ ਕਰਦੇ ਹੋਏ, ਅਸੀਂ ਭਾਈਚਾਰੇ ਵਿੱਚ ਭਾਈਵਾਲੀਆਂ ਰਾਹੀਂ ਆਪਣੇ ਕਲੀਨਿਕੀ ਸ੍ਰੋਤਾਂ ਨੂੰ ਲਗਾਤਾਰ ਵਧਾ ਰਹੇ ਹਾਂ ਅਤੇ ਆਪਣੇ ਭਾਈਚਾਰਕ ਸੇਵਾਵਾਂ ਵਿਭਾਗ (Community Services Department) ਦੀ ਸ਼ਲਾਘਾ ਕਰਦੇ ਹਾਂ ਜਿਨ੍ਹਾਂ ਨੇ ਵੈਂਡਰ ਦੇ ਰੂਪ ਵਿੱਚ ਉਨ੍ਹਾਂ ਮਨੋਵਿਗਿਆਨੀਆਂ ਨੂੰ ਤੇਜ਼ੀ ਨਾਲ ਸ਼ਾਮਲ ਕੀਤਾ ਜੋ ਰੀਜਨਲ ਸੈਂਟਰ ਦੇ ਵਿਆਪਕ ਮੁਲਾਂਕਣਾਂ ਨੂੰ ਸ਼ਾਮਲ ਕਰਨ ਵਾਸਤੇ ਆਪਣੀ ਪ੍ਰੈਕਟਿਸ ਦਾ ਵਿਸਤਾਰ ਕਰਨ ਲਈ ਤਿਆਰ ਹਨ।

ਜਦਕਿ ਸਾਡਾ ਉਨ੍ਹਾਂ ਲਸੰਸਸ਼ੁਦਾ ਕਲੀਨਿਕੀ ਮਨੋਵਿਗਿਆਨੀਆਂ ਨੂੰ ਭਰਤੀ ਕਰਨਾ ਜਾਰੀ ਹੈ, ਜਿਨ੍ਹਾਂ ਕੋਲ ਬੌਧਿਕ ਅਪਾਹਜਤਾ ਅਤੇ ਔਟਿਜ਼ਮ ਸਪੈਕਟ੍ਰਮ ਡਿਸਆਰਡਰ ਦੇ ਸਵਾਲ ਨਾਲ ਨਜਿੱਠਣ ਲਈ ਮਨੋਵਿਗਿਆਨਕ ਮੁਲਾਂਕਣ ਕਰਨ ਦਾ ਅਨੁਭਵ ਹੈ, ਵਿਸਤਾਰ ਦੇ ਸਾਡੇ ਇਹ ਯਤਨ ਜਾਰੀ ਹਨ। ਵਧੇਰੇ ਜਾਣਕਾਰੀ ਲਈ ਅਤੇ ਸਾਡੀ ਪ੍ਰਸਤਾਵ ਲਈ ਬੇਨਤੀ (Request for Proposal) ਤੱਕ ਪਹੁੰਚਣ ਲਈ ਲਿੰਕ ਵਾਸਤੇ https://www.altaregional.org/post/psychologists-evaluations 'ਤੇ ਜਾਓ, ਜਿਸ ਵਿੱਚ ਇਸ ਉਦੇਸ਼ ਲਈ ਸਾਡੇ ਨਾਲ ਕੰਟ੍ਰੈਕਟ ਕਰਨ ਵਿੱਚ ਅੱਗੇ ਵਧਣ ਦੇ ਤਰੀਕੇ ਬਾਰੇ ਵੇਰਵੇਸਹਿਤ ਦੱਸਿਆ ਗਿਆ ਹੈ। ਸਾਡੇ ਬਿਨੈਕਾਰਾਂ ਨੂੰ ਸਮੇਂ ਸਿਰ ਮੁਲਾਂਕਣ ਪ੍ਰਦਾਨ ਕਰਨ ਵਿੱਚ ਮਦਦ ਵਾਸਤੇ ਅਸੀਂ ਤੁਹਾਡੀ ਭਾਈਵਾਲੀ ਦਾ ਸੁਆਗਤ ਕਰਦੇ ਹਾਂ।

## ਰਿਹਾਇਸ਼ੀ ਸੇਵਾ ਕੋਆਰਡੀਨੇਟਰ ਟ੍ਰੇਨਿੰਗ




ACRC ਨੇ 12 ਅਗਸਤ 2024 ਨੂੰ ਸਾਡੇ SCs, ਲਿਏਜ਼ਨ ਸਪੋਰਟ ਕੋਆਰਡੀਨੇਟਰਾਂ, ਅਤੇ ਕਮਿਊਨਿਟੀ ਸਰਵਿਸਿਜ਼ ਐਂਡ ਸਪੋਰਟਸ ਸਪੈਸ਼ਲਿਸਟਾਂ ਲਈ ਸਾਡੀ ਤਿਮਾਹੀ ਸੁਵਿਧਾ ਸੰਪਰਕ (Facility Liaison) ਟ੍ਰੇਨਿੰਗ ਦਾ ਆਯੋਜਨ ਕੀਤਾ, ਇਹ ਸਭ ਰਿਹਾਇਸ਼ੀ ਦੇਖਭਾਲ ਘਰਾਂ ਵਿੱਚ ਰਹਿਣ ਵਾਲੇ ਗਾਹਕਾਂ ਅਤੇ ਰਿਹਾਇਸ਼ੀ ਪ੍ਰਦਾਤਾਵਾਂ ਨੂੰ ਸਹਿਯੋਗ ਦੇਣ ਵਿੱਚ ਸ਼ਾਮਲ ਹਨ। ਸੁਵਿਧਾ ਸੰਪਰਕ (Facility Liaison) ਟ੍ਰੇਨਿੰਗ ਇੱਕ ਨਿਰੰਤਰ ਤਿਮਾਹੀ ਟ੍ਰੇਨਿੰਗ ਹੈ ਜਿਸ ਵਿੱਚ ACRC ਕਈ ਤਰ੍ਹਾਂ ਦੇ ਅਜਿਹੇ ਵਿਸ਼ਿਆਂ ਨੂੰ ਕਵਰ ਕਰਦਾ ਹੈ ਜਿਨ੍ਹਾਂ ਵਿੱਚ ਗੁਣਵੱਤਾ ਤਸੱਲੀ ਨਿਗਰਾਨੀ, ਨਵੀਆਂ ਸੇਵਾਵਾਂ ਅਤੇ/ਜਾਂ ਤਬਦੀਲੀਆਂ ਨੂੰ ਲਾਗੂ ਕਰਨਾ, ਸ੍ਰੋਤ, ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ। ਅਸੀਂ ਕਦੇ-ਕਦੇ ਆਪਣੇ ਭਾਈਚਾਰਕ ਭਾਈਵਾਲਾਂ ਨੂੰ ਸਾਡੇ ਸਟਾਫ਼ ਨੂੰ ਆਪੋ-ਆਪਣੀ ਏਜੰਸੀ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਬਾਰੇ ਦੱਸਣ ਅਤੇ ਸਿੱਖਿਅਤ ਕਰਨ ਲਈ ਸੱਦਾ ਦਿੰਦੇ ਹਾਂ ਅਤੇ ਇਹ ਕਿ ਅਸੀਂ ਗਾਹਕਾਂ ਅਤੇ ਪ੍ਰਦਾਤਾਵਾਂ ਨੂੰ ਸਹਿਯੋਗ ਦੇਣ ਲਈ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਭਾਈਵਾਲੀ ਕਰ ਸਕਦੇ ਹਾਂ।

ਸਾਡੀ ਅਗਸਤ ਤਿਮਾਹੀ ਦੀ ਟ੍ਰੇਨਿੰਗ ਲਈ, ਸਾਡੇ ਨਾਲ ਟ੍ਰੇਨਿੰਗ ਵਿੱਚ ਲੰਬੇ ਅਰਸੇ ਦੀ ਦੇਖਭਾਲ ਲਈ ਓਮਬਡਸਮੈਨ (Long Term Care Ombudsman) ਸ਼ਾਮਲ ਹੋਏ ਜਿਨ੍ਹਾਂ ਨੇ ਰਿਹਾਇਸ਼ੀ ਦੇਖਭਾਲ ਘਰਾਂ ਵਿੱਚ ਗਾਹਕਾਂ ਨੂੰ ਸਹਿਯੋਗ ਦੇਣ ਵਿੱਚ ਉਨ੍ਹਾਂ ਦੀ ਭੂਮਿਕਾ ਅਤੇ ਇਸ ਬਾਰੇ ਗੱਲ ਕੀਤੀ ਕਿ ਲੋੜ ਪੈਣ 'ਤੇ ਅਸੀਂ ਸਭ ਤੋਂ ਵਧੀਆ ਤਰੀਕੇ ਨਾਲ ਭਾਈਵਾਲੀ ਕਿਵੇਂ ਕਰਦੇ ਹਾਂ। ਸਾਡੇ ਸਟਾਫ਼ ਨਾਲ ਬਹੁਤ ਸਾਰੀ ਚੰਗੀ ਜਾਣਕਾਰੀ ਸਾਂਝੀ ਕੀਤੀ ਗਈ ਜਿਸ ਨਾਲ ਇਹ ਸਪਸ਼ਟ ਸੇਧ ਮਿਲੀ ਕਿ ਓਮਬਡਸਮੈਨ ਕਦੋਂ ਮਦਦ ਕਰ ਸਕਦੇ ਹਨ। ਇਹ ਨਾ ਸਿਰਫ਼ ਸਾਡੇ ਸਟਾਫ਼ ਨੂੰ ਸਿੱਖਿਅਤ ਕਰਨ ਦਾ ਬਲਕਿ ਸਾਡੀ ਭਾਈਵਾਲੀ ਨੂੰ ਹੋਰ ਅੱਗੇ ਵਧਾਉਣ ਦਾ ਵੀ ਇੱਕ ਸ਼ਾਨਦਾਰ ਮੌਕਾ ਸੀ।

## ACRC ਦਾ ਸਥਾਨਕ ਵਿਦਿਆਰਥੀਆਂ ਦੇ ਕਰੀਅਰ ਦੇ ਵਿਕਾਸ ਵਿੱਚ ਸਹਿਯੋਗ




ਇਨ੍ਹਾਂ ਗਰਮੀਆਂ ਵਿੱਚ, ਰੇਇਵਾ ਜੌਹਨਸਨ (ਸੰਤਰੀ ਰੰਗ ਵਿੱਚ), ACRC ਕਲਾਇੰਟ ਐਡਵੋਕੇਟ, ਨੇ ਸੈਕਰਾਮੈਂਟੋ ਸਿਟੀ ਯੂਨੀਫ਼ਾਈਡ ਸਕੂਲ ਡਿਸਟ੍ਰਿਕਟ (SCUSD) ਦੇ ਕਾਲਜ ਅਤੇ ਕਰੀਅਰ ਰੈਡੀਨੈੱਸ ਦਫ਼ਤਰ, SMUD, PilotCity, ਅਤੇ SCUSD ਦੇ ਕਈ ਹਾਈ ਸਕੂਲ ਕਰੀਅਰ ਤਕਨੀਕੀ ਸਿੱਖਿਆ ਪ੍ਰੋਗਰਾਮਾਂ ਨਾਲ ਭਾਈਵਾਲੀ ਕੀਤੀ। ਰੇਇਵਾ ਨੇ ਵਿਦਿਆਰਥੀਆਂ ਨੂੰ ਵਿਅਕਤੀ-ਕੇਂਦ੍ਰਿਤ ਸੋਚ ਵਾਲੇ ਪਾਠਕ੍ਰਮ ਅਤੇ ਗਤੀਵਿਧੀਆਂ ਪ੍ਰਦਾਨ ਕੀਤੀਆਂ ਤਾਂ ਜੋ ਉਨ੍ਹਾਂ ਨੂੰ ਕਰਮਚਾਰੀ ਵਰਗ ਲਈ ਤਿਆਰ ਕੀਤਾ ਜਾ ਸਕੇ। ਵਿਦਿਆਰਥੀਆਂ ਨੇ ਇੱਕ ਪੇਜ ਦੇ ਵੇਰਵੇ ਤਿਆਰ ਕੀਤੇ ਤਾਂ ਜੋ ਉਨ੍ਹਾਂ ਨੂੰ ਇਹ ਸੋਚਣ ਲਈ ਸੇਧ ਮਿਲ ਸਕੇ ਕਿ ਉਨ੍ਹਾਂ ਕੋਲ ਐਂਪਲੌਇਅਰਾਂ ਨੂੰ ਪ੍ਰਦਾਨ ਕਰਨ ਲਈ ਕਿਹੜੇ ਗੁਣ ਹਨ ਅਤੇ ਉਹ ਕਿਸੇ ਐਂਪਲੌਇਅਰ ਵਿੱਚ ਕੀ ਚਾਹੁੰਦੇ ਹਨ। ਤਬਦੀਲੀ ਦੀ ਉਮਰ ਵਾਲੇ ਨੌਜਵਾਨਾਂ ਨਾਲ ਕੰਮ ਕਰਨ ਦਾ ਰੇਇਵਾ ਦਾ ਜਨੂੰਨ ਵਿਦਿਆਰਥੀਆਂ ਦੇ ਨਾਲ ਉਸਦੇ ਕੰਮ ਵਿੱਚ ਝਲਕਦਾ ਹੈ।

## ਆੱਨ ਮਾਇ ਓਨ (ON MY OWN) ਦੁਆਰਾ HCBS ਗ੍ਰਾਂਟ ਫੰਡਿੰਗ ਨਾਲ ਰੂਮਮੇਟ ਮੈਚਿੰਗ ਡੇਟਾਬੇਸ ਦੀ ਸ਼ੁਰੂਆਤ

oomm

Roommate Matching Program

ਸਾਲਾਂ ਤੋਂ, ACRC ਵੈਂਡਰ ਭਾਈਚਾਰੇ ਨੇ ਰਿਹਾਇਸ਼ ਸਬੰਧੀ ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਵਧਦੇ ਕਿਰਾਇਆਂ ਅਤੇ ਕਿਰਾਏ ਲਈ ਸਖਤ ਯੋਗਤਾਵਾਂ ਦੇ ਨਾਲ, ਸੁਤੰਤਰ ਤੌਰ 'ਤੇ ਰਿਹਾਇਸ਼ ਹਾਸਲ ਕਰਨਾ ਚੁਣੌਤੀਪੂਰਨ ਹੈ, ਖਾਸ ਕਰਕੇ ਅਪਾਹਜ ਬਾਲਗਾਂ ਲਈ। ਕਮਿਊਨਿਟੀ ਨੈੱਟਵਰਕਾਂ ਤੱਕ ਸੀਮਤ ਪਹੁੰਚ ਕਰਕੇ ਇੱਕ ਢੁਕਵਾਂ ਮੇਲ ਖਾਂਦਾ ਰੂਮਮੇਟ ਲੱਭਣਾ ਇਸ ਮੁਸ਼ਕਲ ਨੂੰ ਹੋਰ ਵੀ ਵਧਾ ਦਿੰਦਾ ਹੈ।

ਇਸ ਮੁੱਦੇ ਨਾਲ ਨਿਪਟਣ ਲਈ, ਆੱਨ ਮਾਈ ਓਨ ਇੰਡੀਪੈਂਡੈਂਟ ਲਿਵਿੰਗ ਸਰਵਿਸਿਜ਼ (OMO) ਨੇ ਰੂਮਮੇਟ ਮਿਲਾਉਣ ਵਾਲੀ ਪ੍ਰਣਾਲੀ ਦੀ ਧਾਰਨਾ ਬਾਰੇ ਅਪਾਹਜ ਲੋਕਾਂ ਅਤੇ ਵੱਖ-ਵੱਖ ਕਮਿਊਨਿਟੀ ਗਰੁੱਪਾਂ ਤੋਂ ਪ੍ਰਤਿਕਿਰਿਆ ਮੰਗੀ। ਹੋਮ ਐਂਡ ਕਮਿਉਨਿਟੀ-ਬੇਸਡ ਸਰਵਿਸਿਜ਼ (Home and Community-Based Services, HCBS) ਫ਼ੰਡ ਦਾ ਇਸਤੇਮਾਲ ਕਰਦਿਆਂ, OMO ਨੇ OOMM ਨਾਮ ਦਾ ਇੱਕ ਵਰਤੋਂਕਾਰ-ਅਨੁਕੂਲ ਰੂਮਮੇਟ ਮੈਚਿੰਗ ਪਲੇਟਫ਼ਾਰਮ ਤਿਆਰ ਕੀਤਾ। ਡੈਸਕਟਾਪ ਅਤੇ ਮੋਬਾਈਲ ਡਿਵਾਈਸਾਂ ਤੋਂ ਐਕਸੈਸ ਕਰਨਯੋਗ ਇਹ ਪਲੇਟਫ਼ਾਰਮ, ਵਰਤੋਂਕਾਰ ਕੁਝ ਸਧਾਰਨ ਸਵਾਲਾਂ ਦੇ ਜਵਾਬ ਦੇ ਕੇ ਇੱਕ ਮਹਿਫ਼ੂਜ਼ ਅਤੇ ਸੁਰੱਖਿਅਤ ਪ੍ਰੋਫ਼ਾਈਲ ਬਣਾ ਸਕਦੇ ਹਨ। ਇਸਤੋਂ ਬਾਅਦ ਵਰਤੋਂਕਾਰ ਸੰਭਾਵੀ ਮੇਲ ਖਾਂਦੇ ਰੂਮਮੇਟ ਦੇਖ ਸਕਦੇ ਹਨ, ਜਿਨ੍ਹਾਂ ਵਿੱਚ ਉਚੇਰੀ ਪ੍ਰਤੀਸ਼ਤ ਮਿਲਾਨ ਉਨ੍ਹਾਂ ਨਾਲ ਮੁਕਾਬਲਤਨ ਵੱਧ ਅਨੁਕੂਲਤਾ ਨੂੰ ਦਰਸਾਉਂਦੇ ਹਨ। ਪਲੇਟਫ਼ਾਰਮ ਵਿੱਚ ਸੰਭਾਵੀ ਰੂਮਮੇਟਾਂ ਨਾਲ ਜੁੜਨ ਲਈ ਚੈਟ ਦਾ ਵਿਕਲਪ, ਅਤੇ ਹਾਊਸਿੰਗ ਅਲਰਟ ਅਤੇ ਕਿਰਾਏ ਦੇ ਮੌਕਿਆਂ ਲਈ ਇੱਕ ਸੈਕਸ਼ਨ ਵੀ ਸ਼ਾਮਲ ਹੈ। OOMM ਦਾ ਉਦੇਸ਼ ਅਪਾਹਜ ਲੋਕਾਂ ਨੂੰ ਸੰਭਾਵੀ ਰੂਮਮੇਟਾਂ ਨਾਲ ਜੁੜਨ ਦਾ ਇੱਕ ਵੱਡਾ ਮੌਕਾ ਮੁਹੱਈਆ ਕਰਾਉਣਾ ਹੈ ਜਿਸ ਨਾਲ ਆਖਰਕਾਰ ਉਨ੍ਹਾਂ ਨੂੰ ਸੁਤੰਤਰ ਤੌਰ 'ਤੇ ਰਹਿਣ ਦੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

ਹੋਰ ਜਾਣਕਾਰੀ ਵਾਸਤੇ, CEO, ਮਿਸ਼ੇਲ ਰਾਮਿਰੇਜ਼ (Michelle Ramirez) ਨਾਲ, oomm@onmyown-web.com 'ਤੇ ਸੰਪਰਕ ਕਰੋ, ਅਤੇ ਪ੍ਰੋਗਰਾਮ ਬਾਰੇ ਜਾਣਕਾਰੀ ਭਰਪੂਰ ਵੀਡੀਓ ਦੇਖਣ ਲਈ https://onmyown-web.com/oomm-roommate-matching-service/ 'ਤੇ ਜਾਓ।

# ਡੀਐਸਪੀ ਕੋਲੈਬੋਰੇਟਿਵ (DSP COLLABORATIVE) ਦੁਆਰਾ ਨਵੇਂ ਸੋਸ਼ਲ ਮੀਡੀਆ ਪੇਜਾਂ ਅਤੇ ਵੈੱਬਸਾਈਟ ਦੀ ਸ਼ੁਰੂਆਤ

DSP COLLABORATIVE
Direct Support Professionals
Leading with Inclusion and Working with Purpose



ਸਾਨੂੰ ਨਵੇਂ ਮੁੜ-ਡਿਜ਼ਾਈਨ ਕੀਤੇ ਗਏ dspcollaborative.org ਦੇ ਨਾਲ-ਨਾਲ ਆਪਣੇ ਨਵੇਂ ਅਧਿਕਾਰਕ Facebook ਅਤੇ Instagram ਪੇਜਾਂ ਦੀ ਸ਼ੁਰੂਆਤ ਦਾ ਐਲਾਨ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ! ਇਹ ਨਵੇਂ ਪਲੇਟਫ਼ਾਰਮ ਆਪਣੇ ਭਾਈਚਾਰੇ ਨਾਲ ਜ਼ਿਆਦਾ ਵਧੀਆ ਢੰਗ ਨਾਲ ਜੁੜਨ ਅਤੇ ਪ੍ਰੇਰਣਾਦਾਇਕ ਕਹਾਣੀਆਂ ਅਤੇ ਜ਼ਰੂਰੀ ਐਲਾਨ ਪੇਸ਼ ਕਰਨ ਵਿੱਚ ਸਾਡੀ ਮਦਦ ਕਰਨਗੇ। ਸੂਚਿਤ ਰਹਿਣ, ਆਪਣੇ ਅਨੁਭਵ ਸਾਂਝੇ ਕਰਨ ਅਤੇ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਸਾਨੂੰ Facebook ਅਤੇ Instagram 'ਤੇ ਫ਼ਾਲੋ ਕਰੋ।

ਸਾਡੀ ਨਵੇਂ ਸਿਰਿਓਂ ਬਣਾਈ ਗਈ ਵੈੱਬਸਾਈਟ ਵਿੱਚ ਹੁਣ ਖ਼ਬਰਾਂ ਅਤੇ ਇਵੈਂਟਸ (News & Events) ਦਾ ਇੱਕ ਪੇਜ ਸ਼ਾਮਲ ਹੈ ਤਾਂ ਜੋ ਤੁਸੀਂ ਆਉਣ ਵਾਲੇ DICE ਨੌਕਰੀ ਮੇਲਿਆਂ ਸਮੇਤ, ਵਰਤਮਾਨ ਇਵੈਂਟਾਂ ਬਾਰੇ ਅੱਪਡੇਟ ਰਹਿ ਸਕੋ। ਸਾਨੂੰ ਇੱਕ ਨਵੇਂ ਸੈਕਸ਼ਨ, DSP ਸਟੋਰੀਜ਼ ਨੂੰ ਪੇਸ਼ ਕਰਦਿਆਂ ਵੀ ਮਾਣ ਮਹਿਸੂਸ ਹੋ ਰਿਹਾ ਹੈ ਜਿੱਥੇ ਮੌਜੂਦਾ ਪੇਸ਼ੇਵਰ ਆਪਣੇ ਅਨੁਭਵਾਂ ਅਤੇ ਆਪਣੇ ਕੰਮ ਨੂੰ ਪਸੰਦ ਕਰਨ ਦੇ ਕਾਰਨ ਸਾਂਝੇ ਕਰਦੇ ਹਨ। ਇਹ ਕਹਾਣੀਆਂ DSPs ਦੇ ਜਨੂੰਨ ਅਤੇ ਸਮਰਪਣ ਨੂੰ ਉਜਾਗਰ ਕਰਦੀਆਂ ਹਨ ਅਤੇ ਇਨ੍ਹਾਂ ਦਾ ਮਕਸਦ ਆਉਣ ਵਾਲੇ ਸਾਰੇ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ।।

ਇਸਦੇ ਨਾਲ ਹੀ, ਵੈੱਬਸਾਈਟ ਨੇ ਹੁਣ ਭਵਿੱਖ ਦੇ ਵਿਸਤਾਰ ਲਈ ਸਮਰੱਥਾ ਵਧਾ ਦਿੱਤੀ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਅਸੀਂ ਵਿਕਾਸ ਕਰਨਾ ਜਾਰੀ ਰੱਖ ਸਕਦੇ ਹਾਂ ਅਤੇ ਰਾਜ ਭਰ ਦੇ DSPs ਨੂੰ ਹੋਰ ਵੀ ਵੱਧ ਸ੍ਰੋਤ ਮੁਹੱਈਆ ਕਰਾ ਸਕਦੇ ਹਾਂ।

ਅਸੀਂ ਤੁਹਾਨੂੰ ਨਵੇਂ dspcollaborative.org ਨੂੰ ਦੇਖਣ ਅਤੇ ਸੋਸ਼ਲ ਮੀਡੀਆ 'ਤੇ ਸਾਡੇ ਨਾਲ ਜੁੜਨ ਲਈ ਸੱਦਾ ਦਿੰਦੇ ਹਾਂ। DSP ਕੋਲੈਬੋਰੇਟਿਵ ਦਾ ਅਨਿੱਖੜਵਾਂ ਅੰਗ ਬਣਨ ਲਈ ਤੁਹਾਡਾ ਧੰਨਵਾਦ।

DSPCollaborative @dspcollaborative2024

## ਸ਼ਿਸ਼ੂ ਬੱਚਾ ਵਿਕਾਸ ਮੁਲਾਂਕਣ ਸਿਖਲਾਈ (INFANT TODDLER DEVELOPMENT ASSESSMENT TRAINING)



2 ਅਗਸਤ ਨੂੰ ਅਰਲੀ ਸਟਾਰਟ ਯੂਨਿਟ ਨੇ ACRC ਵਿਖੇ ਨਵੇਂ ਸਟਾਫ਼ ਅਤੇ ਤਜਰਬੇਕਾਰ ਸਟਾਫ਼ ਲਈ IDA ਦੇ ਸੰਚਾਲਨ ਅਤੇ ਸਕੋਰਿੰਗ ਦੀ ਪ੍ਰੈਕਟਿਸ ਕਰਨ ਲਈ ਵਿਅਕਤੀਗਤ ਰੂਪ ਵਿੱਚ ਇੱਕ ਸ਼ਿਸ਼ੂ ਬੱਚਾ ਵਿਕਾਸ ਮੁਲਾਂਕਣ (Infant Toddler Developmental Assessment, IDA) ਦਾ ਆਯੋਜਨ ਕੀਤਾ। IDA ਇੱਕ ਮੁਲਾਂਕਣ ਟੂਲ ਹੈ ਜਿਸਨੂੰ ਅਰਲੀ ਸਟਾਰਟ ਦੇ SCs ਕਿਸੇ ਸ਼ਿਸ਼ੂ ਅਤੇ ਛੋਟੇ ਬੱਚਿਆਂ ਦੀਆਂ ਛੋਟੀਆਂ ਅਤੇ ਵੱਡੀਆਂ ਮਾਸਪੇਸ਼ੀਆਂ ਵਿੱਚ ਤਾਲਮੇਲ ਸਬੰਧੀ ਹੁਨਰਾਂ, ਭਾਸ਼ਾ, ਸੰਗਿਆਨਕ ਹੁਨਰਾਂ ਅਤੇ ਸਵੈ-ਸਹਾਇਤਾ ਦੇ ਹੁਨਰਾਂ ਨੂੰ ਮਾਪਣ ਲਈ ਵਰਤਦੇ ਹਨ ਅਤੇ ਇਸ ਨਾਲ ਸਟਾਫ਼ ਨੂੰ ਉਨ੍ਹਾਂ ਵਾਧੂ ਮੁਲਾਂਕਣਾਂ ਬਾਰੇ ਪਤਾ ਲੱਗਦਾ ਹੈ ਜੋ ਅਰਲੀ ਸਟਾਰਟ ਪ੍ਰੋਗਰਾਮ ਵਾਸਤੇ ਯੋਗਤਾ ਨਿਰਧਾਰਤ ਕਰਨ ਲਈ ਕਰਨੇ ਜ਼ਰੂਰੀ ਹੋ ਸਕਦੇ ਹਨ। ਇਹ ਸਕ੍ਰੀਨਿੰਗ ਜਨਮ ਤੋਂ ਲੈ ਕੇ ਤਿੰਨ ਸਾਲ ਦੀ ਉਮਰ ਦੇ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਲਈ ਵਰਤੀ ਜਾਂਦੀ ਹੈ। ਮੁਲਾਂਕਣ ਕਰਨ ਵਾਲਾ ਵਿਅਕਤੀ IDA ਕਿੱਟ ਤੋਂ ਮਿਆਰੀ ਖਿਡੌਣਿਆਂ ਦੀ ਵਰਤੋਂ ਕਰਦੇ ਹੋਏ ਗਾਹਕ ਦੀ ਸਿੱਧੀ ਵਿਹਾਰਕ ਸਕ੍ਰੀਨਿੰਗ ਕਰਨ ਦੇ ਨਾਲ-ਨਾਲ ਮਾਪਿਆਂ ਨੂੰ ਇੰਟਰਵਿਊ ਦੇ ਸਵਾਲ ਪੁੱਛੇਗਾ।

ਇਸ ਟ੍ਰੇਨਿੰਗ ਲਈ, ਸਾਡੇ ਕੋਲ ACRC ਵਿੱਚ 4 ਸਟਾਫ਼ ਸਨ ਜਿਨ੍ਹਾਂ ਨੇ ਸਾਡੇ ਲਈ ਪ੍ਰੈਕਟਿਸ ਕਰਨ, ਖੇਡਣ ਅਤੇ ਸਿੱਖਣ ਲਈ ਆਪਣੇ ਪਿਆਰੇ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਨੂੰ ਲਿਆਉਣ ਦੀ ਪੇਸ਼ਕਸ਼ ਕੀਤੀ। ਇਹ ਪਿਆਰੀ ਜਿਹੀ 7-ਮਹੀਨੇ ਦੀ ਬੱਚੀ ਦਾ ਨਾਮ ਕਾਲੀ ਹੈ, ਜੋ ਆਲਟਾ ਵਿਖੇ ਕਲਾਇੰਟ ਸਰਵਿਸਿਜ਼ ਮੈਨੇਜਰ, ਕੇਟੀ ਰੌਬਰਟ (Katie Robert) ਦੀ ਬੇਟੀ ਹੈ। IDA ਦਾ ਸੰਚਾਲਨ ਕਰਨ ਅਤੇ IDA ਸਕੋਰ ਕਰਨ ਦੇ ਤਰੀਕੇ ਸਿੱਖਣ ਵਿੱਚ ਸਟਾਫ਼ ਦੀ ਮਦਦ ਕਰਨ ਅਤੇ ਸਵਾਲਾਂ ਦੇ ਜਵਾਬ ਦੇਣ ਲਈ ਮੌਜੂਦ ਰਹਿਣ ਵਾਸਤੇ ਕ੍ਰਿਸਟਨ ਸੋਰਾਬਜੀ (Kristen Sorabji), SC, ਜੋਸ ਟਰੂਜਿਲੋ (Jose Trujillo), ਲੀਡ SC ਅਤੇ ਐਮਿਲੀ ਐਵਰੇਟ (Emily Everett) ਦਾ ਵਿਸ਼ੇਸ਼ ਕਰਕੇ ਧੰਨਵਾਦ। ਇਹ ਸਿੱਖਣ ਅਤੇ ਮੌਜ-ਮਸਤੀ ਭਰਿਆ ਇੱਕ ਸ਼ਾਨਦਾਰ ਦਿਨ ਸੀ!

## ਸਟਾਫ਼ ਸਪੌਟਲਾਈਟ
## ਵੇਨੇਸਾ ਮੋਰੇਨੋ (VANESSA MORENO)



ਵੈਨੇਸਾ ਨੇ 2016 ਵਿੱਚ ਢਲਣਹਾਰ ਹੁਨਰਾਂ (adaptive skills) ਦੇ ਇੱਕ ਟ੍ਰੇਨਰ ਦੇ ਰੂਪ ਵਿੱਚ ਆਪਣੇ ਕਰੀਅਰ ਦੀ ਸ਼ੁਰੂਆਤ ਅਮਲੀ ਵਿਵਹਾਰ ਵਿਸ਼ਲੇਸ਼ਣ ਤਕਨੀਕਾਂ ਨੂੰ ਲਾਗੂ ਕਰਦਿਆਂ, ਨਿਊਰੋਡਾਇਵਰਸ ਵਿਅਕਤੀਆਂ ਨੂੰ ਉਨ੍ਹਾਂ ਦੇ ਆਪਣੇ ਘਰ ਦੇ ਮਾਹੌਲ ਵਿੱਚ ਸਹਿਯੋਗ ਦੇਣ ਨਾਲ ਕੀਤੀ। ਢਲਣਹਾਰ ਹੁਨਰਾਂ (adaptive skills) ਦੇ ਟ੍ਰੇਨਰ ਦੇ ਰੂਪ ਵਿੱਚ, ਵੈਨੇਸਾ ਉਨ੍ਹਾਂ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਬਹੁਮੁੱਲੇ ਸਬੰਧ ਬਣਾਉਣ ਦੇ ਮੌਕੇ ਲਈ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੂੰ ਉਸਨੇ ਸਹਿਯੋਗ ਦਿੱਤਾ ਅਤੇ ਜੀਵਨ ਵਿੱਚ ਉਹ ਯਾਦਗਾਰੀ ਲਾਭ ਹਾਸਲ ਕਰਨ ਵਿੱਚ ਉਨ੍ਹਾਂ ਦੀ ਮਦਦ ਕੀਤੀ। ABA ਖੇਤਰ ਵਿੱਚ ਆਪਣੇ ਕਾਰਜਕਾਲ ਦੇ ਦੌਰਾਨ, ਵੈਨੇਸਾ ਨੂੰ ACRC ਦੇ SCs ਨਾਲ ਗੱਲਬਾਤ ਕਰਨ ਦਾ ਮੌਕਾ ਅਤੇ ਸੁਭਾਗ ਮਿਲਿਆ। ਵੈਨੇਸਾ ਨੇ ਆਪਣੇ ਕਰੀਅਰ ਨੂੰ ਬਦਲਣ ਦਾ ਫ਼ੈਸਲਾ ਲਿਆ, ਜਿਸ ਨਾਲ ਵਿਕਾਸਾਤਮਕ ਅਪਾਹਜਤਾਵਾਂ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਵਨ 'ਤੇ ਵਧੇਰੇ ਜ਼ਿਆਦਾ ਪ੍ਰਭਾਵ ਪਵੇਗਾ। ਵੈਨੇਸਾ ਨੇ ਦੇਖਿਆ ਕਿ ਸੋਸ਼ਲ ਵਰਕ ਦਾ ਪੇਸ਼ਾ ਉਸਦੇ ਆਪਣੇ ਪੇਸ਼ੇਵਰ ਟੀਚਿਆਂ ਨਾਲ ਇਕਸਾਰ ਸੀ ਜਿਸ ਕਾਰਨ ਉਸਨੇ 2017 ਵਿੱਚ ACRC ਨਾਲ ਆਪਣਾ ਕਰੀਅਰ ਬਣਾਇਆ।

ਤਬਦੀਲੀ ਦੀ ਉਮਰ ਅਤੇ ਬਾਲਗ ਗਾਹਕਾਂ ਨੂੰ ਸਹਿਯੋਗ ਦੇਣ ਵਾਲੇ ਇੱਕ SC ਵਜੋਂ ਆਪਣੀ ਭੂਮਿਕਾ ਵਿੱਚ, ਵੈਨੇਸਾ ਨੂੰ ਗਾਹਕਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਸਬੰਧ ਬਣਾ ਸਕਣ, ਅਤੇ ਨਾਲ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਭਾਈਚਾਰੇ ਵਿੱਚ ਏਕੀਕ੍ਰਿਤ ਹੋਣ ਵਾਲੀਆਂ ਸੇਵਾਵਾਂ ਤੱਕ ਪਹੁੰਚਣ ਵਿੱਚ ਸਹਾਇਤਾ ਕਰਨ ਦੇ ਯੋਗ ਹੋਣਾ ਬੇਹੱਦ ਤਸੱਲੀਬਖਸ਼ ਅਤੇ ਸੰਤੁਸ਼ਟੀ ਭਰਿਆ ਲੱਗਿਆ ਹੈ। ਇੱਕ SC ਦੇ ਰੂਪ ਵਿੱਚ, ਵੈਨੇਸਾ ਆਪਣੇ ਕੇਸਲੋਡ ਵਿੱਚ ਸ਼ਾਮਲ ਗਾਹਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਵਿਅਕਤੀਗਤ ਲੋੜਾਂ ਦੇ ਨਾਲ-ਨਾਲ, ਉਨ੍ਹਾਂ ਦੇ ਲੰਬੇ ਅਰਸੇ ਦੇ ਟੀਚਿਆਂ ਅਤੇ ਸੇਵਾ ਸਬੰਧੀ ਲੋੜਾਂ ਨੂੰ ਸਮਝਣ ਦੀ ਅਹਿਮੀਅਤ ਨੂੰ ਸੱਚਮੁੱਚ ਮਹੱਤਵ ਦਿੰਦੀ ਹੈ। ਵੈਨੇਸਾ ਨੂੰ ਜਿਸ ਭਾਈਚਾਰੇ ਵਿੱਚ ਉਹ ਰਹਿੰਦੇ ਹਨ, ਉੱਥੋਂ ਦੀਆਂ ਸੇਵਾਵਾਂ ਅਤੇ ਸ੍ਰੋਤਾਂ ਤੱਕ ਪਹੁੰਚਣ ਵਿੱਚ ਉਨ੍ਹਾਂ ਦੀ ਮਦਦ ਕਰ ਸਕਣ ਅਤੇ ਉਨ੍ਹਾਂ ਦੇ ਜੀਵਨ ਵਿੱਚ ਉਨ੍ਹਾਂ ਲਾਭਕਾਰੀ ਸੇਵਾਵਾਂ ਦੇ ਸਕਾਰਾਤਮਕ ਨਤੀਜਿਆਂ ਨੂੰ ਦੇਖਣ ਯੋਗ ਹੋਣ ਵਿੱਚ ਮਜ਼ਾ ਆਉਂਦਾ ਹੈ। ਇਸ ਤੋਂ ਇਲਾਵਾ, ਵੈਨੇਸਾ ਇੱਕ ਦੋਭਾਸ਼ੀ SC ਹੋਣ ਦੇ ਨਾਤੇ, ਭਾਸ਼ਾਈ ਅਤੇ ਸੱਭਿਆਚਾਰਕ ਦੋਹਾਂ ਪੱਖੋਂ, ਸਪੈਨਿਸ਼ ਬੋਲਣ ਵਾਲੇ ਪਰਿਵਾਰਾਂ ਨੂੰ ਸਹਿਯੋਗ ਦੇਣ ਅਤੇ ਉਹ ਸਬੰਧ ਬਣਾਉਣ ਦਾ ਮੌਕਾ ਮਿਲਣ, ਅਤੇ ਨਾਲ ਹੀ ਵੱਖ-ਵੱਖ ਸੇਵਾਵਾਂ ਅਤੇ ਰੀਜਨਲ ਸੈਂਟਰ ਸਿਸਟਮ ਨੂੰ ਸਮਝਣ ਵਿੱਚ ਉਨ੍ਹਾਂ ਦੀ ਮਦਦ ਕਰਨ ਦੀ ਅਹਿਮੀਅਤ ਦੀ ਕਦਰ ਕਰਦੀ ਹੈ।

## ਫ਼ੀਚਰਡ ਆਰਟਿਸਟ
## ਐਸਪੇਨ ਬਲੈਕ (ASPEN BLACK)

ਐਸਪੇਨ ਬਲੈਕ ਦੋ ਮਹੀਨਿਆਂ ਤੋਂ ਫ਼ੋਲਸਮ ਵਿੱਚ ਸਥਿਤ ਵਰਕ ਆਫ਼ ਆਰਟ ਸਾਊਥਸਾਈਡ ਅਨਲਿਮਿਟਿਡ (Work of Art Southside Unlimited) ਵਿੱਚ ਭਾਗ ਲੈ ਰਹੀ ਹੈ। ਐਸਪੇਨ ਦੇ ਸੁਹਜ ਨੂੰ ਰਹੱਸਮਈ ਦੱਸਿਆ ਜਾਂਦਾ ਹੈ ਅਤੇ ਉਸਨੂੰ ਅਜਿਹੀਆਂ ਚੀਜ਼ਾਂ ਬਣਾਉਣ ਵਿੱਚ ਮਜ਼ਾ ਆਉਂਦਾ ਹੈ ਜੋ ਦੂਜਿਆਂ ਦੀ ਮਦਦ ਕਰਦੀਆਂ ਹਨ। ਉਦਾਹਰਣ ਲਈ, ਐਸਪੇਨ ਨੇ "worry slugs" (ਚਿੰਤਾ ਖਤਮ ਕਰਨ ਵਾਲੇ ਜੀਵ) ਤਿਆਰ ਕੀਤੇ ਹਨ ਜੋ ਸਿਰੇਮਿਕ ਦੇ ਬਣੇ ਸਲੱਗ ਹਨ ਜਿਨ੍ਹਾਂ ਦੇ ਹੇਠਲੇ ਪਾਸੇ ਅੰਗੂਠੇ ਦੇ ਅਕਾਰ ਦੀ ਡੂੰਘੀ ਕਾਟ ਹੈ। ਚਿੰਤਾ ਨੂੰ ਦੂਰ ਕਰਨ ਵਿੱਚ ਮਦਦ ਲਈ ਇਹ ਚਿੰਤਾ ਸਲੱਗ ਸ਼ਾਨਦਾਰ ਫਿਜੇਟ ਟੂਲ ਹਨ ਅਤੇ ਇੰਨੇ ਛੋਟੇ ਹਨ ਕਿ ਜੇਬ੍ਹ ਵਿੱਚ ਫਿੱਟ ਹੋ ਸਕਦੇ ਹਨ। ਉਹ ਇਨ੍ਹਾਂ ਨੂੰ ਵੱਖ-ਵੱਖ ਅਕਾਰ ਅਤੇ ਰੰਗਾਂ ਵਿੱਚ ਬਣਾਉਂਦੀ ਹੈ। ਐਸਪੇਨ ਨੂੰ ਕ੍ਰਿਸਟਲ ਬ੍ਰੇਸਲੇਟ ਅਤੇ ਹਾਰ ਬਣਾਉਣ ਵਿੱਚ ਵੀ ਮਜ਼ਾ ਆਉਂਦਾ ਹੈ।

ਜੇ ਤੁਸੀਂ ਐਸਪੇਨ ਦੀਆਂ ਕਲਾਕ੍ਰਿਤੀਆਂ ਜਾਂ ਗਹਿਣਿਆਂ ਵਿੱਚੋਂ ਕੁਝ ਵੀ ਖਰੀਦਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ ਬੇਝਿਜਕ ਹੋ ਕੇ ਇਹ ਦੇਖੋ: ਵਰਕ ਆਫ਼ ਆਰਟ – ਕਾੱਲੇਜ ਗ੍ਰੀਨਜ਼ ਈਮੇਲ: workofart@southsideunlimited.com @woa_ceramics
ਵਰਕ ਆਫ਼ ਆਰਟ ਸਟੂਡੀਓਜ਼ | Sacramento CA | Facebook





